2707/M

M-15/2051

PUNJABI COMPULSORY MUDLA GYAN-206 (B)

SEMESTER-II

TIME 3 HOURS MM: 75

ਭਾਗ -ੳ

1 I.ਕੰਨੇ ਦੀ ਵਰਤੋਂ ਵਾਲੇ ਦੋ ਅੱਖਰੀ ਪੰਜ ਸ਼ਬਦ ਜੋੜ ਲਿਖੇ ।

II. ਤਿੰਨ ਅੱਖਰੀ ਕੋਈ ਪੰਜ ਸ਼ਬਦ ਜੋੜ ਲਿਖੇ ।

III. ਬਹੁ ਅੱਖਰੀ ਕੋਈ ਪੰਜ ਸ਼ਬਦ ਜੋੜ ਲਿਖੇ । ਅੰਕ - 5+5+5=15

2 ਨਾਂਵ , ਪੜਨਾਂਵ ਤੇ ਵਿਸ਼ੇਸ਼ਣ ਵੱਖ ਕਰਕੇ ਲਿਖੋ :

I.ਉਸ ਕੋਲ ਚਿੱਟੇ ਰੰਗ ਦੀ ਘੋੜੀ ਹੈ ।

II.ਅੰਮ੍ਰਿਤਸਰ ਸ਼ਹਿਰ ਬਹੁਤ ਸੁੰਦਰ ਹੈ ।

III.ਪੰਛੀ ਉੱਡ ਰਹੇ ਹਨ।

IV.ਚਿੱਟਾ ਕਬੂਤਰ ਚੁਗ ਰਿਹਾ ਹੈ ।

V. ਉਨ੍ਹਾਂ ਕੋਲੇ ਚਿੱਟੀ ਕਾਰ ਹੈ ।

ਜਾਂ

ਹੇਠ ਲਿਖੇ ਵਾਕਾਂ ਵਿੱਚੋਂ ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਵੱਖ ਕਰਕੇ ਲਿਖੋ :

I.ਸੱਪ ਬਹੁਤ ਤੇਜ਼ ਦੌੜਿਆ।

II.ਚੂਹੇ ਨੇ ਬੜੀ ਤੇਜ਼ੀ ਨਾਲ ਮਿੱਟੀ ਪੁੱਟੀ ।

III. ਰਾਮ ਕਬੱਡੀ ਸੋਹਣੀ ਖੇਡਦਾ ਹੈ ।

IV.ਉਸ ਨੇ ਸਾਈਕਲ ਤੇਜ਼ ਭਜਾਇਆ ।

V.ਗੱਡੀ ਬੜੀ ਤੇਜ਼ੀ ਨਾਲ ਜਾ ਰਹੀ ਸੀ ।

ਅ. ਹੇਠ ਲਿਖੇ ਸ਼ਬਦਾਂ ਦੇ ਲਿੰਗ ਅਤੇ ਬਚਨ ਬਦਲੋ :

ਲਿੰਗ ਬਦਲੋ -ਕੁੱਕੜ, ਸੱਪ , ਗਿਆਨੀ ,ਮਾਲੀ ,ਪਤੀ

ਬਚਨ ਬਦਲੋ -ਬੱਕਰਾ, ਤਸਵੀਰ, ਬਿੱਲਾ, ਚਾਕੂ, ਸੁੱਤਾ

ਜਾਂ

ਹੇਠ ਲਿਖੇ ਵਾਕ ਭੂਤਕਾਲ, ਭਵਿੱਖ ਕਾਲ ,ਵਰਤਮਾਨ ਕਾਲ ਵਿੱਚੋਂ ਕਿਹੜੇ ਕਾਲ ਵਿੱਚ ਵਿਚਰ ਰਹੇ ਹਨ :

I.ਮੋਹਨ ਨੇ ਗੀਤ ਗਾਇਆ।

II.ਗੀਤਾ ਗੀਤ ਗਾ ਚੁੱਕੀ ਸੀ।

III. ਮੀਂਹ ਕਈ ਦਿਨ ਪੈਂਦਾ ਰਿਹਾ ਸੀ ।

IV.ਉਹ ਦਿੱਲੀ ਜਾਵੇਗਾ।

V. ਮਾਸੀ ਜੀ ਪਰਸੋਂ ਆਉਣਗੇ । ਅੰਕ -5+5=10

ਭਾਗ-ਅ

**3.ੳ. ਹੇਠ ਲਿਖੇ ਸ਼ਬਦਾਂ ਵਿੱਚੋਂ ਅਗੇਤਰ ਅਤੇ ਪਿਛੇਤਰ ਵੱਖ ਕਰ ਕੇ ਲਿਖੋ :**

ਅਪਸ਼ਬਦ , ਅੰਤਰਧਿਆਨ ,ਸਹਿਪਾਠੀ, ਸਮਕਾਲੀਨ, ਹਮਸ਼ਕਲ ਸ਼ਬਦਾਂ ਵਿੱਚੋਂ ਅਗੇਤਰ ਅਲੱਗ ਕਰਕੇ ਲਿਖੋ ।

ਪਾਠਸ਼ਾਲਾ, ਹੰਢਣਸਾਰ ,ਕਲਮਦਾਨ ,ਭੋਲਾਪਣ, ਮੱਤਹੀਣ ਸ਼ਬਦਾਂ ਵਿਚੋਂ ਪਛੇਤਰ ਅਲੱਗ ਕਰਕੇ ਲਿਖੋ ।

ਜਾਂ

**ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਸੇਬ, ਘੁਮਿਆਰ,ਫੁੱਟਬਾਲ, ਕੁਰਸੀ, ਸਾਈਕਲ

**ਅ.**I.ਸਾਡੀ ਗਲੀ ਦਾ ਕਾਲਾ ਕੁੱਤਾ ਉੱਚੀ ਉੱਚੀ ਭੌਂਕਦਾ ਹੈ।

**(ਵਾਕੰਸ਼ ਅਲੱਗ ਕਰਕੇ ਲਿਖੋ ।)**

II.ਰਾਮ ਖੇਡ ਰਿਹਾ ਹੈ, ਗੀਤਾਂ ਪੜ੍ਹ ਰਹੀ ਹੈ ਤੇ ਸੁਰਿੰਦਰ ਸੌਂ ਰਿਹਾ ਹੈ ।ਵਾਕ ਵਿਚ ਕਿੰਨੇ ਉਪ-ਵਾਕ ਹਨ ।

III. ਮੈਂ ਸੋਹਣਾ ਸੂਟ ਪਾਏ ਹੈ ।(ਮੇਲ ਠੀਕ ਕਰੋ। )

IV.ਘੋੜੀ ਤੇਜ਼ ਦੌੜ ਰਿਹਾ ਹੈ।( ਮੇਲ ਠੀਕ ਕਰੋ ।)

V.ਤਰਬੂਜ਼ ਮਿੱਠੀ ਹੈ ।(ਮੇਲ ਠੀਕ ਕਰੋ।)

ਜਾਂ

ਕੋਈ ਤਿੰਨ ਦੁਹਰੁਕਤੀ ਸ਼ਬਦ ਲਿਖੋ ਤੇ ਦੋ ਸਮਾਸੀ ਸ਼ਬਦ ਲਿਖੋ। **ਅੰਕ -5+5=10**

---

**4 ਹੇਠ ਲਿਖੇ ਵਾਕਾਂ ਤੇ ਵਿਸ਼ਰਾਮ ਚਿੰਨ੍ਹ ਲਗਾਓ ;**

I. ਹਾਏ ਰੱਬਾ ਏਡਾ ਵੱਡਾ ਜਾਨਵਰ

II. ਕਾਸ਼ ਅੱਜ ਐਤਵਾਰ ਹੁੰਦਾ

III. ਰਾਮ ਸ਼ਾਮ ਤੇ ਸੁਰਿੰਦਰ ਮੈਚ ਖੇਡ ਰਹੇ ਹਨ

IV. ਕਿਰਪਾ ਕਰਕੇ ਮੈਨੂੰ ਪਾਣੀ ਦਿਓ

V. ਕੀ ਤੁਸੀਂ ਅੱਜ ਕਾਲਜ ਜਾਵੋਗੇ **ਅੰਕ -10**

ਭਾਗ- ੲ

**5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ :**

ੳ. ਦਿੱਲੀ ਵੱਡਾ ਸ਼ਹਿਰ ਹੈ ।(ਇਸ ਵਾਕ ਵਿਚ ਨਾਂਵ ਕਿਹੜਾ ਹੈ?)

**ਅ.**ਤੁਸੀਂ ਸ਼ਹਿਰ ਜਾ ਰਹੇ ਹੋ।( ਵਾਕ ਵਿਚ ਪੜਨਾਂਵ ਕਿਹੜਾ ਹੈ ?)

**ੲ.**ਬੱਚਾ ਬੜਾ ਸ਼ਰਾਰਤੀ ਹੈ।( ਵਾਕ ਵਿੱਚ ਵਿਸ਼ੇਸ਼ਣ ਕਿਹੜਾ ਹੈ ?)

**ਸ.**ਖ਼ਰਗੋਸ਼ ਖੁੱਡ ਪੁੱਟ ਰਿਹਾ ਸੀ।( ਵਾਕ ਵਿਚ ਕਿਰਿਆ ਕਿਹੜੀ ਹੈ ?)

**ਹ.**ਜਹਾਜ਼ ਬੜੀ ਤੇਜ਼ੀ ਨਾਲ ਲੰਘ ਰਿਹਾ ਸੀ।( ਵਾਕ ਵਿੱਚ ਕਿਰਿਆ ਵਿਸ਼ੇਸ਼ਣ ਕਿਹੜਾ ਹੈ ? )

**ਕ.**ਚਿੜਾ- ਸ਼ਬਦ ਦਾ ਲਿੰਗ ਬਦਲੋ।

**ਖ.**ਪੰਜਾਬਣ- ਸ਼ਬਦ ਦਾ ਬਹੁ ਵਚਨ ਬਣਾਓ।

**ਗ.**ਹਵਾ ਤੇਜ਼ ਚੱਲ ਰਹੀ ਹੈ।( ਵਾਕ ਦਾ ਕਾਲ ਦੱਸੋ ।)

**ਘ.**ਬਦ-ਅਗੇਤਰ ਲਾ ਕੇ ਕੋਈ ਦੋ ਸ਼ਬਦ ਬਣਾਓ ।

**ਙ.**ਖੋਰ- ਪਛੇਤਰ ਲਗਾ ਕੇ ਕੋਈ ਦੋ ਸ਼ਬਦ ਬਣਾਓ।

**ਚ** ਸਵਾਲ ਅਤੇ ਜਵਾਬ ਸ਼ਬਦਾਂ ਦਾ ਸਮਾਸੀ ਸ਼ਬਦ ਬਣਾਓ ।

**ਛ.**ਸੰਘੀ ਅਤੇ ਸਾਥੀ ਦਾ ਸਮਾਸੀ ਸ਼ਬਦ ਬਣਾਓ ।

**ਜ** ਵਾਰ ਅਤੇ ਵਾਰ ਦਾ ਦੁਹਰੁਕਤੀ ਸ਼ਬਦ ਬਣਾਓ ।

**ਝ.**ਕਾਸ਼ ਅੱਜ ਮੀਂਹ ਪੈ ਜਾਂਦਾ।( ਵਾਕ ਵਿੱਚ ਵਿਸ਼ਰਾਮ ਚਿੰਨ੍ਹ ਲਗਾਓ ।)

**ਞ.**ਬਿੱਲਾ ਭੱਜ ਰਹੀ ਹੈ। (ਵਾਕ ਦਾ ਮੇਲ ਠੀਕ ਕਰੋ।) **ਅੰਕ-15X2=30**

2707/M